# **ਪ੍ਰੈਸ ਨੋਟ**

**ਸ਼੍ਰੀ ਧਰੁਮਨ ਐਚ ਨਿੰਬਾਲੇ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ** ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਹੇਠ ਸ਼੍ਰੀ ਰਾਜ ਕੁਮਾਰ, ਉਪ ਕਪਤਾਨ ਪੁਲਿਸ, ਟਾਂਡਾ ਅਤੇ ਮੁੱਖ ਅਫਸਰ ਥਾਣਾ ਟਾਂਡਾ ਦੀ ਯੋਗ ਅਗਵਾਈ ਵਿੱਚ ਜਿਲਾ ਹੁਸ਼ਿਆਰਪੁਰ ਅੰਦਰ ਸਮਾਜ ਵਿਰੋਧੀ ਤੇ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਦੌਰਾਨ ਉਸ ਸਮੇਂ ਪੁਲਿਸ ਨੂੰ ਭਾਰੀ ਸਫਲਤਾ ਮਿਲੀ ਜਦੋਂ ਪਿੰਡ ਖਡਿਆਲਾ ਸੈਣੀਆਂ ਤੋਂ ਮਿਤੀ 01.03.22 ਨੂੰ ਸਲਾਨਾ ਡੇਰਾ ਬਾਬਾ ਨਾਨਕ ਜੀ ਨੂੰ ਜਾਣ ਵਾਲੀ ਸੰਗਤ ਦੇ ਮੋਬਾਇਲ ਫੋਨ ਚੋਰੀ ਕਰਨ ਵਾਲੇ **4 ਵਿਅਕਤੀਆਂ ਨੂੰ** ਅੱਡਾ ਬੈਂਚ ਬਾਜਾ ਤੋਂ ਕਾਬੂ ਕੀਤਾ ਗਿਆ ਅਤੇ ਇਹਨਾਂ ਪਾਸੋਂ ਵੱਖ ਵੱਖ ਕੰਪਨੀਆਂ ਦੇ 11 **ਮੋਬਾਇਲ ਫੋਨ** ਬਰਾਮਦ ਕੀਤੇ ਗਏ।

ਇਹ ਸੰਗਤ ਹਰ ਸਾਲ ਪੈਦਲ ਪਿੰਡ ਖਡਿਆਲਾ ਸੈਣੀਆਂ ਜਿਲ੍ਹਾ ਹੁਸ਼ਿਆਰਪੁਰ ਤੋਂ ਚੱਲਕੇ ਵੱਖ ਵੱਖ ਸਥਾਨਾਂ ਤੋਂ ਹੁੰਦੀ ਹੋਈ ਡੇਰਾ ਬਾਬਾ ਨਾਨਕ ਪਹੁੰਚਦੀ ਹੈ, ਇਸ ਯਾਤਰਾ ਵਿੱਚ ਸੰਗਤ ਦਾ ਕਾਫੀ ਭਾਰੀ ਇੱਕਠ ਹੁੰਦਾ ਹੈ, ਜਿਸ ਕਾਰਨ ਸੰਗਤ ਦੇ ਜਾਣ ਵਾਲੇ ਰਸਤਿਆਂ ਪਰ ਪੁਲਿਸ ਸਕਿਉਰਟੀ ਦੇ ਪੁੱਖਤਾ ਪ੍ਰਬੰਧ ਕੀਤੇ ਗਏ ਸਨ। ਇਹਨਾਂ ਕਾਬੂ ਕੀਤੇ ਚੋਰਾਂ ਦੇ ਖਿਲਾਫ **ਮੁਕਦਮਾਂ ਨੰਬਰ 47 ਮਿਤੀ 01.03.2022 ਅ:ਧ: 379 ਭ:ਦ: ਥਾਣਾ ਟਾਂਡਾ ਜਿਲ੍ਹਾ ਹੁਸ਼ਿਆਰਪੁਰ** ਦਰਜ ਰਜਿਸਟਰ ਕੀਤਾ ਗਿਆ ਹੈ ਅਤੇ **ਵਾਧਾ ਜੁਰਮ 411 ਭ:ਦ: ਦਾ ਕੀਤਾ ਗਿਆ** ਹੈ। ਇਹਨਾਂ ਚੋਰਾਂ ਨੂੰ ਸਮੇਂ ਸਿਰ ਕਾਬੂ ਨਾ ਕੀਤਾ ਜਾਂਦਾ ਤਾਂ ਇਹਨਾਂ ਵੱਲੋਂ ਹੋਰ ਵੀ ਚੋਰੀਆਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਸਕਦਾ ਸੀ।

**ਬਰਾਮਦਗੀ:-**

ਸਮਾਰਟ ਮੋਬਾਇਲ ਫੋਨ ਵੱਖ ਵੱਖ ਕੰਪਨੀਆਂ ਦੇ = 11

**ਗ੍ਰਿਫਤਾਰ ਦੋਸ਼ੀ:-**

1. ਪ੍ਰਿੰਸ ਪੁੱਤਰ ਅਜੀਤ ਸਿੰਘ ਵਾਸੀ ਮੁੱਹਲਾ ਕਾਜੀਆਂ, ਪੱਟੀ ਥਾਣਾ ਪੱਟੀ ਜਿਲ੍ਹਾ ਤਰਨਤਾਰਨ।
2. ਮਨਜੀਤ ਸਿੰਘ ਉਰਫ ਦੀਪੂ ਪੁੱਤਰ ਕੁਲਵੰਤ ਸਿੰਘ ਵਾਸੀ ਸੁਲਤਾਨਵਿੰਡ ਥਾਣਾ ਡਵੀਜਨ ਬੀ, ਅਮ੍ਰਿਤਸਰ
3. ਪੰਕਜ ਕੁਮਾਰ ਪੁੱਤਰ ਜਗਦੀਸ਼ ਰਾਜ ਵਾਸੀ ਹਰੀਪੁਰ ਥਾਣਾ ਆਰ.ਐਸ.ਪੁਰਾ, ਜਿਲ੍ਹਾ ਜੰਮੂ
4. ਸਰਬਜੀਤ ਸਿੰਘ ਉਰਫ ਸਾਬੀ ਪੁੱਤਰ ਕੁਲਵਿੰਦਰ ਸਿੰਘ ਵਾਸੀ ਭਾਈ ਮੰਝ ਰੋਡ ਮੁੱਹਲਾ ਕਾਣੇਵਾਲ ਟੋਆ ਅਮ੍ਰਿਤਸਰ।